# ਫਾਰਮ-8

(ਵੇਖੋ ਨਿਯਮ 13(3) ਅਤੇ 26)

**ਵੋਟਰ ਸੂਚੀ ਵਿਚ ਦਰਜ ਵੇਰਵਿਆਂ ਦੀ ਦਰੁਸਤੀ ਲਈ ਬਿਨੈ-ਪੱਤਰ**

ਸੇਵਾ ਵਿਖੇ

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,

................................ਵਿਧਾਨ ਸਭਾ/£ ਲੋਕ ਸਭਾ ਚੋਣ ਹਲਕਾ

ਹਾਲ ਹੀ ਵਿਚ ਖੀਚਿਆ ਗਿਆ ਪਾਸਪੋਰਟ ਸਾਈਜ਼ ਦਾ ਫੋਟੋ (3.5 ਸੈਂ.ਮੀ. X 3.5 ਸੈਂ.ਮੀ) ਜਿਸ ਵਿਚ ਇਸ ਬਕਸੇ ਦੇ ਅੰਦਰ ਪੂਰੇ ਚੇਹਰੇ ਦੀ ਸਾਹਮਣੇ ਤੋਂ ਸ਼ਕਲ ਸਪਸ਼ਟ ਹੋਵੇ, ਚਿਪਕਾਉਣ ਲਈ ਥਾਂ

ਸ਼੍ਰੀਮਾਨ ਜੀ,

ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਉਪਰੋਕਤ ਚੋਣ ਹਲਕੇ ਲਈ ਵੋਟਰ ਸੂਚੀ ਵਿਚ ਮੇਰੇ ਨਾਲ ਸਬੰਧਤ ਵੇਰਵਾ ਦਰੁੱਸਤ ਨਹੀਂ ਅਤੇ ਇਸ ਨੂੰ ਦਰੁੱਸਤ ਕੀਤਾ ਜਾਣਾ ਚਾਹੀਦਾ ਹੈ। ਮੇਰੀ ਬੇਨਤੀ ਦੀ ਹਿਮਾਇਤ ਵਿਚ ਦਰੁੱਸਤ ਵੇਰਵੇ ਹੇਠਾਂ ਦਿੱਤੇ ਜਾਂਦੇ ਹਨ:

| | | | |
|---|---|---|---|
| **I. ਬਿਨੈਕਾਰ ਦੇ ਵੇਰਵੇ** | ਨਾਮ | | ਉਪ ਨਾਮ (ਜੇ ਕੋਈ ਹੈ) |
| ਵੋਟਰ ਸੂਚੀ ਦਾ ਭਾਗ ਨੰ.: | | ਉਸ ਭਾਗ ਦਾ ਲੜੀ ਨੰਬਰ : | |
| 1 ਜਨਵਰੀ ............... # ਨੂੰ ਉਮਰ | ਸਾਲ | ਮਹੀਨੇ: | $ ਲਿੰਗ (ਪੁਰਸ਼/ਇਸਤਰੀ/ਹੋਰ): |
| ਜਨਮ ਮਿਤੀ ਜੇ ਕਰ ਪਤਾ ਹੋਵੇ | ਦਿਨ: | ਮਹੀਨਾ: | ਸਾਲ: |
| * ਪਿਤਾ/ਮਾਤਾ/ਪਤੀ ਦਾ ਨਾਮ | ਨਾਮ | | ਉਪ ਨਾਮ (ਜੇ ਕੋਈ ਹੈ) |

| | |
|---|---|
| **II. ਸਾਧਾਰਣ ਰਿਹਾਇਸ਼ ਦਾ ਵੇਰਵਾ (ਪੂਰਾ ਪਤਾ):** | |
| ਮਕਾਨ/ਘਰ ਨੰਬਰ: | |
| ਗਲੀ/ਖੇਤਰ/ਇਲਾਕਾ/ਮੁੱਹਲਾ/ਸੜਕ: | |
| ਸ਼ਹਿਰ/ਪਿੰਡ: | |
| ਡਾਕਖਾਨਾ: | ਪਿਨ ਕੋਡ |
| ਤਹਿਸੀਲ/ਤਾਲੁਕਾ/ਮੰਡਲ/ਥਾਣਾ: | |
| ਜ਼ਿਲ੍ਹਾ: | |
| **III. ਵੋਟਰ ਦੇ ਫੋਟੋ ਸ਼ਨਾਖਤੀ ਕਾਰਡ ਦਾ ਵੇਰਵਾ (ਜੇਕਰ ਇਹ ਇਸੇ ਜਾਂ ਕਿਸੇ ਹੋਰ ਚੋਣ ਹਲਕੇ ਵਿਚ ਜਾਰੀ ਕੀਤਾ ਗਿਆ ਹੈ)** | |
| ਵੋਟਰ ਦਾ ਫੋਟੋ ਸ਼ਨਾਖਤੀ ਕਾਡ ਨੰਬਰ: | |
| ਚੋਣ ਹਲਕੇ ਦਾ ਨਾਮ: | |

**IV. ਉਨ੍ਹਾਂ ਇੰਦਰਾਜਾਂ ਦੇ ਵੇਰਵੇ ਜਿਨ੍ਹਾਂ ਨੂੰ ਦਰੁੱਸਤ ਕੀਤਾ ਜਾਣਾ ਹੈ:**

***** ਮੇਰਾ ਨਾਮ/*ਉਮਰ/*ਪਿਤਾ/* ਮਾਤਾ/* ਪਤੀ ਦਾ ਨਾਂ/*ਲਿੰਗ/* ਪਤਾ/ਵੋਟਰ ਫੋਟੋ ਸ਼ਨਾਖਤੀ ਕਾਰਡ ਨੰਬਰ ਉਸ ਜਾਣਕਾਰੀ ਵਿਚ ਦਰੁੱਸਤ ਕੀਤਾ ਜਾਣਾ ਹੈ ਜੋ ਫਾਰਮ ਵਿਚ ਉਪਰ ਦਿੱਤਾ ਗਿਆਹੈ।

ਸਥਾਨ:

ਮਿਤੀ: ਵੋਟਰ ਦੇ ਹਸਤਾਖ਼ਰ ਜਾਂ ਅੰਗੂਠੇ ਦਾ ਨਿਸ਼ਾਨ

**ਨੋਟ - ਕੋਈ ਵਿਅਕਤੀ ਜੋ ਅਜਿਹਾ ਬਿਆਨ ਜਾਂ ਘੋਸ਼ਣਾ ਕਰਦਾ ਹੈ ਜੋ ਗਲਤ ਹੈ ਜਾਂ ਜਿਸ ਬਾਰੇ ਉਹ ਜਾਣਦਾ ਜਾਂ ਵਿਸ਼ਵਾਸ ਕਰਦਾ ਹੈ ਕਿ ਉਹ ਗਲਤ ਹੈ ਜਾਂ ਉਸਨੂੰ ਇਹ ਲਗਦਾ ਹੈ ਕਿ ਠੀਕ ਨਹੀਂ ਹੈ, ਉਹ ਲੋਕ ਪ੍ਰਤੀਨਿਧਤਾ ਐਕਟ 1950 (1950 ਦਾ 43) ਦੀ ਧਾਰਾ 31 ਅਧੀਨ ਦੰਡ ਯੋਗ ਹੈ।**

£ ਕੇਂਦਰ ਸ਼ਾਸਿਤ ਪ੍ਰਦੇਸ ਅਤੇ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣ ਹਲਕਾ ਨਾ ਹੋਣ ਕਾਰਣ।

\# ਕ੍ਰਿਪਾ ਕਰਕੇ ਸਾਲ 2009, 2010 ਆਦਿ ਦਿਓ।

* ਅਣਉਚਿਤ ਵਿਕਲਪ ਕੱਟ ਦਿਓ।.

$ ਬਿਨੈਕਾਰ ਵਲੋਂ ਲਿੰਗ ਵਾਲੇ ਕਾਲਮ ਵਿਚ 'ਹੋਰ' ਭਰਿਆ ਜਾਵੇ ਜੇ ਉਹ ਪੁਰਸ਼/ਇਸਤਰੀ ਨਹੀਂ ਦਰਸ਼ਾਉਣਾ ਚਾਹੁੰਦਾ।

| |
|---|
| **ਕੀਤੀ ਗਈ ਕਾਰਵਾਈ ਦਾ ਵੇਰਵਾ**<br>**(ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੁਆਰਾ ਭਰਿਆ ਜਾਵੇ।)** |

ਸ੍ਰੀ/ਸ੍ਰੀਮਤੀ/ਕੁਮਾਰੀ.................................................................................ਦਾ ਬਿਨੈ-ਪੱਤਰ ਜੋ ਫਾਰਮ-8 ਵਿਚ ਵੋਟਰ ਸੂਚੀ ਵਿਚ ਇੰਦਰਾਜ ਦੀ ਦਰੁੱਸਤੀ ਲਈ ਹੈ ਨੂੰ ਸਵੀਕਾਰ* /ਰੱਦ * ਕੀਤਾ ਗਿਆ ਹੈ।

ਨਿਯਮ [18*/20*/26(4) £] ਦੇ ਅਧੀਨ ਪ੍ਰਵਾਨ ਕਰਨ ਜਾਂ [17*/20*/26(4) £] ਦੇ ਅਧੀਨ ਰੱਦ ਕਰਨ ਦੇ ਵਿਸਤ੍ਰਿਤ ਕਾਰਣ।

| | | |
|---|---|---|
| ਸ਼ਥਾਨ :<br><br>ਮਿਤੀ : | **ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੇ ਹਸਤਾਖਰ** | **ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੀ ਮੋਹਰ** |

* ਅਣਉਚਿਤ ਵਿਕਲਪ ਕੱਟ ਦਿਓ।.

£ ਵੋਟਰ ਸੂਚੀ ਦੇ ਅੰਤਿਮ ਪ੍ਰਕਾਸ਼ਨ ਉਪਰੰਤ ਨਿਰੰਤਰ ਮਿਤੀ ਅੰਤ ਤੱਕ ਪੂਰਾ ਕਰਨ ਲਈ।

<u>ਬਿਨੈ ਪੱਤਰ ਦੀ ਰਸੀਦ</u>

**ਸ਼੍ਰੀ/ਸ਼੍ਰੀਮਤੀ/ਕੁਮਾਰੀ.................................................................................................................................................

ਪਤਾ.......................................................................................................................ਦਾ ਬਿਨੈ ਪੱਤਰ ਫਾਰਮ-8 ਪ੍ਰਾਪਤ ਕੀਤਾ।

ਮਿਤੀ.............................

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਤਰਫੋਂ
ਬਿਨੈ ਪੱਤਰ ਪ੍ਰਾਪਤ ਕਰਨ ਵਾਲੇ ਅਫਸਰ ਦੇ ਹਸਤਾਖਰ
(ਪਤਾ).......................................................
.......................................................

** ਬਿਨੈਕਾਰ ਦੁਆਰਾ ਭਰਿਆ ਜਾਵੇ।

# ਫਾਰਮ- 8 ਭਰਨ ਲਈ ਦਿਸ਼ਾ ਨਿਰਦੇਸ਼

ਫਾਰਮ - 8 ਕੌਣ ਭਰ ਸਕਦਾ ਹੈ

1. ਉਸ ਵਿਅਕਤੀ ਦੁਆਰਾ ਜਿਸਦਾ ਨਾਮ ਪਹਿਲਾਂ ਤੋਂ ਹੀ ਵੋਟਰ ਸੂਚੀ ਵਿਚ ਸ਼ਾਮਲ ਹੈ ਅਤੇ ਵੇਰਵੇ ਵੋਟਰ ਸੂਚੀ ਵਿਚ ਛੱਪੇ ਹਨ, ਇੰਦਰਾਜਾਂ ਵਿਚ ਦਰੁਸੱਤੀਆਂ ਕਰਨ ਲਈ ਬਿਨੈ-ਪੱਤਰ ਦਾਖਲ ਕੀਤਾ ਜਾ ਸਕਦਾ ਹੈ। ਇਕ ਵਿਅਕਤੀ ਫਾਰਮ-8 ਵਿਚ ਕਿਸੀ ਹੋਰ ਵਿਅਕਤੀ ਨਾਲ ਸਬੰਧਤ ਵੇਰਵਿਆਂ ਵਿਚ ਦਰੁਸੱਤੀਆਂ ਕਰਨ ਲਈ ਬਿਨੈ-ਪੱਤਰ ਦਾਖਲ ਨਹੀਂ ਕਰ ਸਕਦਾ।

ਫਾਰਮ - 8 ਕਦੋਂ ਦਾਖਲ ਕੀਤਾ ਜਾ ਸਕਦਾ ਹੈ

1. ਵੋਟਰ ਸੂਚੀ ਵਿਚ ਦਰਜ ਵਿਅਕਤੀ ਦੇ ਵੇਰਵਿਆਂ ਵਿਚ ਦਰੁਸੱਤੀਆਂ ਕਰਨ ਲਈ ਫਾਰਮ-8 ਦਾਖਲ ਕੀਤਾ ਜਾ ਸਕਦਾ ਹੈ। ਚੋਣ ਹਲਕੇ ਦੀ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾਂ ਤੋਂ ਬਾਅਦ ਬਿਨੈ-ਪੱਤਰ ਦਾਖਲ ਕੀਤਾ ਜਾ ਸਕਦਾ ਹੈ। ਬਿਨੈ-ਪੱਤਰ, ਇਸ ਮੰਤਵ ਦੇ ਲਈ ਮਿਥੇ ਦਿਨਾਂ ਦੇ ਅੰਦਰ ਹੀ ਦਾਖਲ ਕੀਤਾ ਜਾਣਾ ਹੁੰਦਾ ਹੈ। ਜਦੋਂ ਸੁਧਾਈ ਦੇ ਪ੍ਰੋਗ੍ਰਾਮ ਦੀ ਘੋਸ਼ਣਾ ਹੁੰਦੀ ਹੈ, ਤਾਂ ਮਿਥੇ ਸਮੇਂ ਦਾ ਖੁਲ੍ਹਾ ਪ੍ਰਚਾਰ ਕੀਤਾ ਜਾਂਦਾ ਹੈ।
2. ਬਿਨੈ-ਪੱਤਰ ਦੀ ਕੇਵਲ ਇਕ ਕਾਪੀ ਹੀ ਦਾਖਲ ਕਰਨੀ ਹੁੰਦੀ ਹੈ।
3. ਸੁਧਾਈ ਪ੍ਰੋਗ੍ਰਾਮ ਜਾਰੀ ਨਹੀਂ ਰਹਿਣ ਤੇ ਵੀ ਅੰਤਮ ਵੋਟਰ ਸੂਚੀ ਵਿਚ ਆਪਣੇ ਨਾਲ ਸਬੰਧਤ ਇੰਦਰਾਜ ਦੀ ਦਰੁਸੱਤੀ ਲਈ ਬਿਨੈ-ਪੱਤਰ ਸਾਲ ਵਿਚ ਕਦੇ ਵੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਨਾ ਹੋਵੇ ਤਾਂ ਇਸ ਦੌਰਾਨ ਬਿਨੈ-ਪੱਤਰ ਦੋ ਪੜਤਾਂ ਵਿਚ ਦਾਖਲ ਕੀਤਾ ਜਾਣਾ ਚਾਹੀਦਾ ਹੈ।

ਫਾਰਮ - 8 ਕਿਥੇ ਦਾਖਲ ਕੀਤਾ ਜਾਵੇ

1. ਸੁਧਾਈ ਦੇ ਸਮੇਂ ਦੌਰਾਨ ਬਿਨੈ-ਪੱਤਰ ਉਨ੍ਹਾਂ ਦੱਸੇ ਸਥਾਨਾਂ (ਖਾਸ ਕਰਕੇ ਮਤਦਾਨ ਕੇਂਦਰ ਤੇ) ਜਿਥੇ ਚੋਣ ਹਲਕੇ ਦੀ ਵੋਟਰ ਸੂਚੀ ਦਰਸਾਈ ਗਈ ਹੋਵੇ, ਦੇ ਨਾਲ ਨਾਲ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਅਤੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਦਾਖਲ ਕੀਤਾ ਜਾ ਸਕਦਾ ਹੈ।
2. ਸਾਲ ਦੇ ਹੋਰ ਸਮੇਂ ਦੌਰਾਨ ਜਦੋਂ ਸੁਧਾਈ ਦਾ ਕੰਮ ਨਹੀਂ ਚੱਲ ਰਿਹਾ ਹੋਵੇ, ਤੱਦ ਬਿਨੈ-ਪੱਤਰ ਕੇਵਲ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਹੀ ਦਾਖਲ ਕੀਤਾ ਜਾ ਸਕਦਾ ਹੈ।

ਫਾਰਮ - 8 ਕਿਵੇਂ ਭਰੀਏ

1. ਬਿਨੈ-ਪੱਤਰ ਉਸ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ, ਜਿਥੇ ਬਿਨੈਕਾਰ ਦਾ ਨਾਮ ਪਹਿਲਾਂ ਤੋਂ ਹੀ ਵੋਟਰ ਸੂਚੀ ਵਿਚ ਦਰਜ ਹੈ। ਖਾਲੀ ਥਾਂ ਵਿਚ ਚੋਣ ਹਲਕੇ ਦਾ ਨਾਮ ਲਿਖਿਆ ਜਾਣਾ ਚਾਹੀਦਾ ਹੈ।

2. ਬਿਨੈ-ਪੱਤਰ ਦੇ ਭਾਗ । ਵਿਚ ਬਿਨੈਕਾਰ ਆਪਣਾ ਨਾਮ ਭਰੇ ਜਿਵੇਂ ਕੀ ਵੋਟਰ ਸੂਚੀ ਵਿਚ ਦਰਜ ਹੋਣਾ ਚਾਹੀਦਾ ਹੈ। ਜੇਕਰ ਵੋਟਰ ਸੂਚੀ ਵਿਚ ਤੁਹਾਡਾ ਸੰਖੇਪ ਨਾਮ ਦਰਜ ਹੈ ਅਤੇ ਤੁਸੀਂ ਆਪਣਾ ਪੂਰਾ ਨਾਮ ਛਪਵਾਉਣਾ ਚਾਹੁੰਦੇ ਹੋ ਤਾਂ ਆਪਣਾ ਪੂਰਾ ਨਾਮ ਲਿਖ ਸਕਦੇ ਹੋ। ਪਹਿਲੇ ਖਾਨੇ ਵਿਚ ਉਪਨਾਮ ਨੂੰ ਛੱਡ ਕੇ ਬਾਕੀ ਦਾ ਪੂਰਾ ਨਾਮ ਲਿਖਿਆ ਜਾਣਾ ਚਾਹੀਦਾ ਹੈ ਅਤੇ ਉਪਨਾਮ ਦੂਸਰੇ ਖਾਨੇ ਵਿਚ ਲਿਖਿਆ ਜਾਣਾ ਚਾਹੀਦਾ ਹੈ। । ਜੇਕਰ ਤੁਹਾਡਾ ਕੋਈ ਉਪਨਾਮ ਨਹੀਂ ਹੈ ਤਾਂ ਤੁਸੀਂ ਆਪਣਾ ਨਾਮ ਹੀ ਲਿਖੋ। ਜਾਤ ਦਾ ਉਲੇਖ ਸਿਰਫ ਉਥੇ ਹੀ ਕੀਤਾ ਜਾਣਾ ਹੈ, ਜਿਥੇ ਬਿਨੈਕਾਰ ਦੇ ਨਾਮ ਦੇ ਅੰਸ਼ ਦੇ ਰੂਪ ਵਿਚ ਜਾਂ ਉਪਨਾਮ ਦੇ ਰੂਪ ਵਿਚ ਹੈ, ਹੋਰ ਕਿਤੇ ਨਹੀਂ। ਆਦਰ ਯੋਗ ਪਦਵੀਆਂ ਜਿਵੇਂ ਕਿ ਸ਼੍ਰੀ, ਸ਼੍ਰੀਮਤੀ, ਕੁਮਾਰੀ, ਖਾਨ, ਬੇਗਮ, ਪੰਡਿਤ ਆਦਿ ਨਹੀਂ ਲਿਖਿਆ ਜਾਣਾ ਚਾਹੀਦਾ ਹੈ।

3. ਵੋਟਰ ਸੂਚੀ ਦੇ ਜਿਸ ਭਾਗ ਵਿਚ ਤੁਹਾਡਾ ਨਾਮ ਦਰਜ ਹੈ ਉਸਦਾ ਭਾਗ ਨੰਬਰ ਅਤੇ ਸੂਚੀ ਵਿਚ ਆਪਣੇ ਨਾਮ ਦੇ ਲੜੀ ਨੰਬਰ ਦਾ ਵੇਰਵਾ ਲਿਖੋ। ਇਹ ਜਰੂਰੀ ਹੈ।

4. ਉਮਰ

ਇਸੇ ਤਰ੍ਹਾਂ, ਉਸ ਸਾਲ ਦੀ 1 ਜਨਵਰੀ, ਜਿਸਦੀ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀ ਛੱਪੀ ਹੋਈ ਹੈ ਤੁਹਾਨੂੰ ਆਪਣੀ ਉਮਰ ਸਾਲ ਮਹੀਨੇ ਵਿਚ ਦਰਸਾਣੀ ਚਾਹੀਦੀ ਹੈ। ਇਹ ਦੱਸੀ ਮਿਤੀ ਵੋਟਰ ਸੂਚੀ ਦੇ ਹਰੇਕ ਪੰਨੇ ਤੇ ਹੇਠਾਂ ਛੱਪੀ ਹੋਈ ਹੈ।

5. ਲਿੰਗ

ਦਿੱਤੇ ਗਏ ਸਥਾਨ ਤੇ ਲਿੰਗ ਸਪਸ਼ਟ ਰੂਪ ਵਿਚ ਲਿਖੋ, ਜਿਵੇਂ ਕਿ ਪੁਰਸ਼/ ਇਸਤਰੀ। ਜੇਕਰ ਬਿਨੈਕਾਰ ਪੁਰਸ਼ ਜਾਂ ਇਸਤਰੀ ਨਹੀਂ ਲਿਖਣਾ ਚਾਹੁੰਦਾ ਤਾਂ ਆਪਣੇ ਲਿੰਗ ਨੂੰ "ਹੋਰ" ਲਿਖ ਸਕਦਾ ਹੈ।

6. ਜਨਮ ਮਿਤੀ (ਦਸਤਾਵੇਜ਼ੀ ਸਬੂਤਾਂ ਨਾਲ)

ਜਨਮ ਮਿਤੀ ਨੂੰ ਤਾਰੀਖ/ਮਹੀਨਾ/ਸਾਲ ਇਸ ਕ੍ਰਮ ਵਿਚ ਨਿਰਧਾਰਤ ਸਥਾਨ ਤੇ ਅੰਕਾ ਵਿਚ ਭਰੋ। ਜਨਮ ਮਿਤੀ ਦੇ ਪ੍ਰਮਾਣ ਦੇ ਰੂਪ ਵਿਚ ਹੇਠ ਲਿਖੇ ਦਸਤਾਵੇਜ਼ ਸਲੰਗਣ ਕਰੋ:-

(i) ਨਗਰ ਪਾਲਿਕਾ ਅਧਿਕਾਰੀਆਂ ਜਾਂ ਜ਼ਿਲਾ ਨਿਬੰਧਕ, ਜਨਮ ਅਤੇ ਮੌਤ ਰਜਿਸਟ੍ਰੇਸ਼ਨ ਦੇ ਦਫਤਰ ਦੁਆਰਾ ਜਾਰੀ ਕੀਤਾ ਗਿਆ ਜਨਮ ਪ੍ਰਮਾਣ ਪੱਤਰ- ਜਾਂ ਬੈਪਟੀਜ਼ਮ ਪ੍ਰਮਾਣ ਪੱਤਰ ਜਾਂ

(ii) ਬਿਨੈਕਾਰ ਦੁਆਰਾ ਦਾਖਲਾ ਲਏ ਗਏ ਅੰਤਮ (ਸਰਕਾਰੀ/ਮਾਨਤਾ ਪ੍ਰਾਪਤ) ਸਕੂਲ ਜਾਂ ਹੋਰ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾ ਤੋਂ ਪ੍ਰਾਪਤ ਜਨਮ ਪ੍ਰਮਾਣ ਪੱਤਰ ਜਾਂ

(iii) ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਬਿਨੈਕਾਰ ਨੂੰ ਜਿਸਦੇ ਕੋਲ ਉਕਤ ਕੋਈ ਵੀ ਦਸਤਾਵੇਜ਼ ਨਹੀਂ ਹੈ, ਆਪਣੇ ਮਾਤਾ ਜਾਂ ਪਿਤਾ, ਜਿਸਦਾ ਨਾਮ ਪਹਿਲਾਂ ਤੋਂ ਹੀ ਵੋਟਰ ਸੂਚੀ ਵਿਚ ਸ਼ਾਮਿਲ ਹੈ, ਦੁਆਰਾ ਬਿਨੈਕਾਰ ਦੀ ਉਮਰ ਦੇ ਸਮਰਥਨ ਵਿਚ ਦੱਸੇ ਗਏ ਫਾਰਮ ਵਿਚ ਇਕ ਘੋਸ਼ਣਾ ਪੱਤਰ ਨੱਥੀ ਕਰਨਾ ਪਵੇਗਾ। ਫਾਰਮ ਮੰਗੇ ਜਾਣ ਤੇ ਉਪਲੱਬਧ ਕਰਵਾਇਆ ਜਾਵੇਗਾ।

ਟਿਪਣੀ:- ਬਿਨੈਕਾਰ ਦੀ ਜਨਮ ਮਿਤੀ 26.01.1989 ਨੂੰ ਜਾਂ ਉਸ ਤੋਂ ਬਾਅਦ ਹੋਣ ਦੀ ਸਥਿਤੀ ਵਿਚ, ਕੇਵਲ ਨਗਰਪਾਲਿਕਾ ਅਧਿਕਾਰੀ ਜਾਂ ਜ਼ਿਲ੍ਹਾ ਰਜਿਸਟਰਾਰ ਜਨਮ ਅਤੇ ਮੌਤ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ ਪੱਤਰ ਹੀ ਸਵੀਕਾਰ ਹੋਵੇਗਾ।

7. ਰਿਸ਼ਤੇਦਾਰ ਦਾ ਨਾਮ

ਅਣਵਿਆਹੀ ਇਸਤਰੀ ਬਿਨੈਕਾਰ ਦੇ ਮਾਮਲੇ ਵਿਚ ਪਿਤਾ/ਮਾਤਾ ਦਾ ਨਾਮ ਲਿਖਿਆ ਜਾਵੇ। ਵਿਆਹੀ ਇਸਤਰੀ ਬਿਨੈਕਾਰ ਦੇ ਮਾਮਲੇ ਵਿਚ ਪਤੀ ਦਾ ਨਾਮ ਦਾ ਲਿਖਿਆ ਜਾਵੇ। ਇਸ ਕਾਲਮ ਵਿਚ ਅਣਉਚਿਤ ਵਿਕਲਪ ਕੱਟ ਦਿਓ।

8. ਵਰਤਮਾਨ ਅਸਥਾਈ ਤੌਰ ਤੇ ਰਿਹਾਇਸ਼ ਦਾ ਸਥਾਨ

ਦਿੱਤੇ ਗਏ ਸਥਾਨ ਵਿਚ ਪਿੰਨ ਕੋਡ ਸਹਿਤ ਉਸ ਥਾਂ ਦਾ ਪੂਰਾ ਡਾਕ-ਪਤਾ ਲਿਖਿਆ ਜਾਵੇ, ਜਿਥੇ ਤੁਸੀਂ ਅਸਥਾਈ ਤੌਰ ਤੇ ਰਹਿ ਰਹੇ ਹੋ ਅਤੇ ਰਜਿਸਟਰ ਕਰਾਉਣਾ ਚਾਹੁੰਦੇ ਹੋ।

ਅਸਥਾਈ ਤੌਰ ਤੇ ਰਿਹਾਇਸ਼ ਦੇ ਸਥਾਨ ਲਈ ਹੇਠ ਲਿਖੇ ਦਸਤਾਵੇਜ਼ ਨੱਥੀ ਕਰੋ:-

(i) ਬੈਂਕ/ਕਿਸਾਨ/ਡਾਕ-ਘਰ ਦੀ ਚਾਲੂ ਪਾਸ ਬੁਕ, ਜਾਂ

(ii) ਬਿਨੈਕਾਰ ਦਾ ਰਾਸ਼ਨ ਕਾਰਡ/ਪਾਸਪੋਰਟ /ਡਰਾਇਵਿੰਗ ਲਾਇਸੈਂਸ/ ਆਮਦਨ ਕਰ ਨਿਰਧਾਰਣ ਹੁਕਮ, ਜਾਂ

(iii) ਬਿਨੈਕਾਰ ਜਾਂ ਉਸਦੇ ਨੇੜੇ ਦੇ ਰਿਸ਼ਤੇਦਾਰ ਜਿਵੇਂ ਕਿ ਮਾਤਾ-ਪਿਤਾ ਆਦਿ ਦੇ ਨਾਮ ਦੇ ਪਤੇ ਤੇ ਪਾਣੀ/ ਟੈਲੀਫੂਨ/ ਬਿਜਲੀ/ ਗੈਸ ਕੁਨੈਕਸ਼ਨ ਦਾ ਬਿਲ, ਜਾਂ

(iv) ਡਾਕ ਵਿਭਾਗ ਦੁਆਰਾ ਦਿੱਤੇ ਗਏ ਪਤੇ ਤੇ ਪ੍ਰਾਪਤ ਕੀਤੀ ਗਈ/ਸਪੁਰਦ ਕੀਤੀ ਗਈ ਡਾਕ।

ਟਿੱਪਣੀ:- ਜੇਕਰ ਕੋਈ ਬਿਨੈਕਾਰ ਪਤੇ ਦੇ ਸਬੂਤ ਵਜੋਂ ਕੇਵਲ ਰਾਸ਼ਨ ਕਾਰਡ ਹੀ ਪੇਸ਼ ਕਰਦਾ ਹੈ ਤਾਂ ਉਸ ਨੂੰ ਉਪਰੋਕਤ ਵਿਚੋਂ ਇਕ ਹੋਰ ਸਬੂਤ ਨਾਲ ਨੱਥੀ ਕਰਨਾ ਹੋਵੇਗਾ।

9. ਵੋਟਰ ਫੋਟੋ ਸ਼ਨਾਖਤੀ ਕਾਰਡ ਦਾ ਵੇਰਵਾ

ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਹੀ ਚੋਣ ਕਮਿਸ਼ਨ ਦੁਆਰਾ ਜਾਰੀ ਫੋਟੋ ਸ਼ਨਾਖਤੀ ਕਾਰਡ ਹੈ, ਤਾਂ ਕਿਰਪਾ ਕਰਕੇ ਸ਼ਨਾਖਤੀ ਕਾਰਡ ਦਾ ਲੜੀ ਨੰਬਰ (ਸਾਹਮਣੇ ਪਾਸੇ ਛੱਪਿਆ ਹੈ) ਅਤੇ ਉਸ ਦੇ ਜਾਰੀ ਹੋਣ ਦੀ ਮਿਤੀ (ਪਿੱਛਲੇ ਪਾਸੇ ਛੱਪੀ ਹੈ) ਬਿਨੈਕਾਰ ਦੇ ਭਾਗ III ਵਿਚ ਦਿੱਤੇ ਸਥਾਨ ਤੇ ਲਿਖੋ। ਕਿਰਪਾ ਕਰਕੇ ਸ਼ਨਾਖਤੀ ਕਾਰਡ ਦੇ ਦੋਵੇਂ ਪਾਸਿਆਂ ਦੀ ਫੋਟੋ ਕਾਪੀ ਆਪ ਹੀ ਤਸਦੀਕ ਕਰਕੇ ਨਾਲ ਨੱਥੀ ਕਰੋ।

10. ਦਰੁਸੱਤ ਕੀਤੇ ਜਾਣ ਵਾਲੇ ਇੰਦਰਾਜਾਂ ਦਾ ਵੇਰਵਾ

ਬਿਨੈਕਾਰ ਦੇ ਭਾਗ IV ਵਿਚ ਲਿਖੇ ਵਿਕਲਪਾਂ ਵਿਚੋਂ ਉਨ੍ਹਾਂ ਨੂੰ ਦਰਸਾਏ ਜਿਨ੍ਹਾਂ ਨਾਲ ਸਬੰਧਤ ਇੰਦਰਾਜਾਂ ਨੂੰ ਦਰੁਸੱਤ ਕੀਤਾ ਜਾਣਾ ਹੈ। ਇਸ ਲਈ ਇਹ ਬਿਨੈ-ਪੱਤਰ ਦਾ ਬਹੁਤ ਮਹੱਤਵਪੂਰਣ ਭਾਗ ਹੈ। ਤੁਸੀਂ ਆਪਣੇ ਨਾਮ, ਉਮਰ, ਜਨਮ ਮਿਤੀ, ਰਿਸ਼ਤੇਦਾਰ ਦਾ ਨਾਮ, ਲਿੰਗ ਪਤਾ ਅਤੇ ਫੋਟੋ ਸ਼ਨਾਖਤੀ ਕਾਰਡ ਦਾ ਸਹੀ ਇੰਦਰਾਜ ਬਿਨੈ-ਪੱਤਰ ਦੇ ਭਾਗ I, II ਅਤੇ III ਵਿਚ ਸਹੀ ਸਥਾਨ ਤੇ ਕਰ ਦਿੱਤੀ ਹੈ। ਇਸ ਭਾਗ IV ਵਿਚ ਤੁਹਾਨੂੰ ਸਪਸ਼ਟ ਰੂਪ ਵਿਚ ਸਹੀ ਦਾ ਨਿਸ਼ਨ ਲਗਾਕੇ ਦਰਸਾਉਣਾ ਚਾਹੀਦਾ ਹੈ ਕਿ ਤੁਹਾਡੇ ਦੁਆਰਾ ਦਿੱਤੀ ਗਈ ਸੂਚਨਾਵਾਂ ਦੇ ਆਧਾਰ ਤੇ ਕਿਸ ਇੰਦਰਾਜ ਦੀ ਦਰੁਸੱਤੀ ਕੀਤੀ ਜਾਣੀ ਹੈ। ਜਿਨਾਂ ਵਿਕੱਲਪਾਂ ਦੀ ਦਰੁਸੱਤੀ ਦੀ ਜਰੂਰਤ ਨਹੀਂ ਹੈ ਉਨ੍ਹਾਂ ਨੂੰ ਕੱਟ ਦਿਓ।

ਹੁਣ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਵੋਟਰ ਸੂਚੀ ਵੋਟਰਾਂ ਦੀ ਫੋਟੋ ਨਾਲ ਛੱਪਦੀ ਹੈ। ਜੇਕਰ ਬਿਨੈ-ਪੱਤਰ ਗਲਤ ਫੋਟੋ ਨੂੰ ਦਰੁੱਸਤ ਕਰਵਾਉਣ ਲਈ ਦਿੱਤਾ ਗਿਆ ਹੈ ਤਾਂ ਬਿਨੈ-ਕਾਰ ਬਿਨੈ-ਪੱਤਰ ਦੇ ਭਾਗ IV ਵਿਚ "ਮੇਰਾ ਫੋਟੋ" ਦਰਜ ਕਰ ਸਕਦਾ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਆਪਣਾ ਵਰਤਮਾਨ ਪਾਸਪੋਰਟ ਸਾਈਜ਼ ਦੀ ਰੰਗੀਨ ਫੋਟੋ ਬਿਨੈ-ਪੱਤਰ ਦੇ ਨਾਲ ਨੱਥੀ ਕਰੋ।